# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ :07-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਦੂਰਦਰਸ਼ੀ ਨੀਤੀਆਂ ਅਤੇ ਸਖ਼ਤ ਮਿਹਨਤ ਸਦਕਾ , ਭਾਰਤ 2047 ਤੱਕ ਇੱਕ ਵਿਕਸਤ ਰਾਸ਼ਟਰ ਬਣਨ ਦੇ ਆਪਣੇ ਸੁਪਨੇ ਨੂੰ ਜ਼ਰੂਰ ਪੂਰਾ ਕਰੇਗਾ ।

- ਭਾਰਤੀ ਰਿਜ਼ਰਵ ਬੈਂਕ ਨੇ ਨੀਤੀਗਤ ਰੈਪੋ ਦਰ ਨੂੰ 25 ਆਧਾਰ ਅੰਕ ਵਧਾ ਕੇ ਸਾਢੇ 5 ਫੀਸਦੀ ਕਰ ਦਿੱਤਾ ਏ ।

- ਭਾਰਤ ਨੇ ਜੰਮੂ - ਕਸ਼ਮੀਰ ਅਤੇ ਪਾਕਿਸਤਾਨ ਵਿੱਚ ਦਹਿਸ਼ਤਗਰਦ ਢਾਂਚੇ ਵਿਰੁੱਧ ਭਾਰਤ ਦੀ ਕਾਰਵਾਈ 'ਤੇ ਇਸਲਾਮਿਕ ਸਹਿਯੋਗ ਸੰਗਠਨ (OIC) ਦੀਆਂ ਟਿੱਪਣੀਆਂ ਨੂੰ ਰੱਦ ਕੀਤੈ |

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਦੀ ਅਫਰੀਕਾ ਨਾਲ ਭਾਈਵਾਲੀ ਨਾ ਸਿਰਫ਼ ਵਰਤਮਾਨ ਲਈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਹੋਏਗੀ।
- ਰੂਸ ਦੇ ਦੱਖਣੀ ਤੱਟ 'ਤੇ ਯੂਕਰੇਨ ਵੱਲੋਂ ਇਕ ਤੇਲ ਟੈਂਕਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਡਰੋਨ ਹਮਲੇ 'ਚ ਭਾਰਤੀ ਚਾਲਕ ਦਲ ਦੇ 23 ਮੈਂਬਰਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ |

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਦੂਰਦਰਸ਼ੀ ਨੀਤੀਆਂ ਅਤੇ ਸਖ਼ਤ ਮਿਹਨਤ ਸਦਕਾ , ਭਾਰਤ 2047 ਤੱਕ ਇੱਕ ਵਿਕਸਤ ਰਾਸ਼ਟਰ ਬਣਨ ਦੇ ਆਪਣੇ ਸੁਪਨੇ ਨੂੰ ਜ਼ਰੂਰ ਹਾਸਲ ਕਰੇਗਾ। ਅੱਜ ਨਵੀਂ ਦਿੱਲੀ ਵਿੱਚ ਵਿਕਸਤ ਭਾਰਤ ਸੰਕਲਪ ਸਭਾ ਨੂੰ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਕਿਹਾ ਕਿ ਭਾਰਤ, ਜੋ ਕਦੇ ਨੀਤੀਗਤ ਖੜੋਤ ਦੀ ਚਰਚਾ ਨਾਲ ਜੁੜਿਆ ਹੋਇਆ ਸੀ, ਹੁਣ ਆਪਣੀ ਵਧਦੀ ਤਾਕਤ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਯੋਗਤਾ ਲਈ ਜਾਣਿਆ ਜਾਂਦਾ ਏ। ਉਨ੍ਹਾਂ ਕਿਹਾ ਕਿ ਪਿਛਲੇ 12 ਸਾਲਾਂ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ।

BYTE

---------------------------------------------------------

ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ 25 ਸਾਲਾਂ ਦੌਰਾਨ ਲੋਕਾਂ ਤੋਂ ਉਨ੍ਹਾਂ ਨੂੰ ਮਿਲਿਆ ਵਿਸ਼ਵਾਸ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਨੂੰ ਪ੍ਰਾਪਤ ਹੋਇਆ

ਤਜਰਬਾ ਉਨ੍ਹਾਂ ਦੀ ਸਭ ਤੋਂ ਵੱਡੀ ਪੂੰਜੀ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਭਾਰਤ ਲਈ ਵੱਡੇ ਟੀਚੇ ਨਿਰਧਾਰਤ ਕਰਨ ਦਾ ਸਮਾਂ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਪੂਰੀ ਰਾਜਨੀਤਿਕ ਯਾਤਰਾ ਦੇਸ਼ ਵਾਸੀਆਂ ਦੇ ਅਟੁੱਟ ਵਿਸ਼ਵਾਸ ਅਤੇ ਸਮਰਥਨ ਦਾ ਨਤੀਜਾ ਹੈ।

BYTE

ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਨੀਤੀਆਂ ਸਾਰੇ ਨਾਗਰਿਕਾਂ ਦੀਆਂ ਸਮੱਸਿਆਵਾਂ ਦੇ ਹੱਲ ਲੱਭਣ 'ਤੇ ਕੇਂਦ੍ਰਿਤ ਨੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ, ਜੋ ਕਦੇ ਆਪਣੀ ਨੀਤੀਗਤ ਅਸਮਰੱਥਾ ਲਈ ਜਾਣਿਆ ਜਾਂਦਾ ਸੀ, ਹੁਣ ਆਪਣੀ ਵਧਦੀ ਤਾਕਤ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਯੋਗਤਾ ਲਈ ਜਾਣਿਆ ਜਾਂਦਾ ਏ। ਉਨ੍ਹਾਂ ਕਿਹਾ ਕਿ ਪਿਛਲੇ 12 ਸਾਲਾਂ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ। ਸ਼੍ਰੀ ਮੋਦੀ ਨੇ ਕਿਹਾ ਕਿ ਪਹਿਲਾਂ, ਦਰਾਮਦ ਵਧਾਉਣ ਦੇ ਯਤਨ ਕੀਤੇ ਜਾਂਦੇ ਸਨ, ਜਦੋਂ ਕਿ ਅੱਜ ਭਾਰਤ ਬਰਾਮਦ ਵਿੱਚ ਨਵੇਂ ਰਿਕਾਰਡ ਕਾਇਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ, ਭਾਰਤ ਆਪਣੀਆਂ ਜ਼ਰੂਰਤਾਂ ਲਈ ਮੋਬਾਈਲ ਫੋਨ ਦਰਾਮਦ ਕਰਦਾ ਸੀ, ਜਦੋਂ ਕਿ ਅੱਜ, ਭਾਰਤ ਵਿੱਚ ਬਣੇ ਮੋਬਾਈਲ ਫੋਨ ਵਿਸ਼ਵ ਬਾਜ਼ਾਰ ਵਿੱਚ ਇੱਕ ਮਜ਼ਬੂਤ ਮੌਜੂਦਗੀ ਬਣਾ ਰਹੇ ਨੇ। ਪ੍ਰਧਾਨ ਮੰਤਰੀ ਨੇ ਖੇਤੀਬਾੜੀ ਨੂੰ ਭਾਰਤ ਵਿੱਚ ਹੋ ਰਹੀ ਤਬਦੀਲੀ ਦੀ ਇੱਕ ਵੱਡੀ ਮਿਸਾਲ ਕਰਾਰ ਦਿੱਤਾ | ਉਨ੍ਹਾਂ ਕਿਹਾ ਕਿ 2015 ਤੋਂ 2025 ਦੇ ਦਹਾਕੇ ਵਿੱਚ, ਖੇਤੀਬਾੜੀ ਖੇਤਰ ਨੇ ਆਜ਼ਾਦੀ ਤੋਂ ਬਾਅਦ ਸਭ ਤੋਂ ਵੱਧ ਨਿਰੰਤਰ ਵਿਕਾਸ ਦਰਜ ਕੀਤਾ, ਜੋ ਪਿਛਲੇ ਸਾਰੇ ਰਿਕਾਰਡਾਂ ਨੂੰ

ਪਛਾੜਦਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ਅਜਿਹੀ ਤਬਦੀਲੀ ਪਰਿਵਰਤਨ ਉਦੋਂ ਸੰਭਵ ਹੈ ਜਦੋਂ ਇਰਾਦਾ ਸਾਫ਼ ਹੋਵੇ ਅਤੇ ਨੀਤੀਆਂ ਚੰਗੀ ਤਰ੍ਹਾਂ ਪਰਿਭਾਸ਼ਿਤ ਹੋਣ। ਸ੍ਰੀ ਮੋਦੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ 7 ਅਕਤੂਬਰ, 2001 ਨੂੰ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ, ਤਾਂ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਇਸ ਮੀਲ ਪੱਥਰ 'ਤੇ ਪਹੁੰਚ ਜਾਣਗੇ। ਲਗਾਤਾਰ ਸੇਵਾ ਦੇ ਪੂਰੇ ਹੋਣ ਦਾ ਦਿਨ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਲੋਕਾਂ ਦੇ ਅਟੁੱਟ ਆਸ਼ੀਰਵਾਦ ਅਤੇ ਸਮਰਥਨ ਨਾਲ ਸੰਭਵ ਹੋਈ ਹੈ। ਪ੍ਰਧਾਨ ਮੰਤਰੀ ਨੇ ਦੇਸ਼ ਦੇ ਲੋਕਾਂ, BJP ਅਤੇ ਆਪਣੇ ਸਾਰੇ ਰਾਜਨੀਤਿਕ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਦਾ ਲੋਕਤੰਤਰ ਵਿੱਚ ਅਟੁੱਟ ਵਿਸ਼ਵਾਸ ਹੈ। ਇਸ ਮੌਕੇ 'ਤੇ BJP ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਜਨਤਕ ਸੇਵਾ ਨੂੰ ਆਪਣੇ ਜੀਵਨ ਦਾ ਇੱਕੋ ਇੱਕ ਉਦੇਸ਼ ਬਣਾਇਆ ਹੈ ਅਤੇ ਰਾਜਨੀਤੀ ਨੂੰ ਰਾਸ਼ਟਰ ਦੀ ਸੇਵਾ ਦਾ ਸਾਧਨ ਮੰਨਦੇ ਨੇ । ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਰਾਸ਼ਟਰ ਦੀ 25 ਸਾਲ ਨਿਰੰਤਰ, ਸਮਰਪਿਤ ਅਤੇ ਅਣਥੱਕ ਸੇਵਾ ਪੂਰੀ ਕਰਨ 'ਤੇ ਵਧਾਈ ਦਿੱਤੀ। ਸ੍ਰੀ ਨਵੀਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਗਰੀਬਾਂ, ਨੌਜਵਾਨਾਂ, ਕਿਸਾਨਾਂ ਅਤੇ ਔਰਤਾਂ 'ਤੇ ਕੇਂਦ੍ਰਿਤ ਕਈ ਯੋਜਨਾਵਾਂ ਲਾਗੂ ਕੀਤੀਆਂ ਨੇ ।

-----------------------------------------------------

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ 25 ਸਾਲਾਂ ਦੀ ਜਨਤਕ ਸੇਵਾ ਨੂੰ ਇੱਕ ਸੁਨਹਿਰੀ ਅਤੇ ਇਤਿਹਾਸਕ ਦਿਨ

ਦੱਸਿਆ। ਗੁਰੂਗ੍ਰਾਮ ਵਿੱਚ ਵਿਕਸਤ ਭਾਰਤ ਸੰਕਲਪ ਸਭਾ - ਸੇਵਾ ਜਯੋਤੀ ਯਾਤਰਾ ਵਿੱਚ ਬੋਲਦਿਆਂ, ਸ਼੍ਰੀ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ, ਧਾਰਾ 370 ਨੂੰ ਹਟਾਉਣ , ਨਕਸਲਵਾਦ ਦਾ ਅੰਤ ਅਤੇ ਦੇਸ਼ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਵਰਗੇ ਮਹੱਤਵਪੂਰਨ ਕੰਮ ਪੂਰੇ ਕੀਤੇ ਗਏ ਨੇ । ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਹਿੱਸੇ ਵਜੋਂ ਮਸ਼ਾਲ ਰੈਲੀਆਂ ਦਾ ਆਯੋਜਨ ਕੀਤਾ ਜਾ ਰਿਹਾ ਏ । ਇਸ ਤਹਿਤ ਨੌਜਵਾਨ ਸੇਵਾ ਜਯੋਤੀ ਯਾਤਰਾਵਾਂ ਕਰਨਗੇ ਅਤੇ ਨਿਰਧਾਰਤ ਚੌਰਾਹਿਆਂ 'ਤੇ ਮਸ਼ਾਲਾਂ ਸਥਾਪਤ ਕਰਨਗੇ । ਸ਼੍ਰੀ ਸ਼ਾਹ ਨੇ ਸਾਰਿਆਂ ਨੂੰ ਮਾਰਚ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

---------------------------------------------------------

ਏਧਰ ਪੰਜਾਬ ਵਿਚ ਵੀ ਕਈ ਥਾਵਾਂ 'ਤੇ ਇਸ ਮੌਕੇ ਪ੍ਰੋਗਰਾਮ ਕੀਤੇ ਜਾ ਰਹੇ ਨੇ । ਮੁਹਾਲੀ ਵਿਖੇ BJP ਪ੍ਰਧਾਨ ਸੰਜੀਵ ਵਸ਼ਿਸ਼ਟ ਦੀ ਅਗਵਾਈ ਵਿੱਚ ਮੁਹਾਲੀ ਸਥਿਤ ਜਿਲ੍ਹਾ BJP ਦੇ ਮੁੱਖ ਦਫਤਰ ਵਿੱਚ 'ਸੇਵਾ ਸੰਕਲਪ ਯਾਤਰਾ ਪ੍ਰੋਗਰਾਮ' ਕਰਵਾਇਆ ਗਿਆ ਅਤੇ ਪ੍ਰਦਾਹਨ ਮੰਤਰੀ ਦਾ ਸੰਬੋਧਨ ਸੁਣਿਆ ਗਿਆ । ਇਸ ਮੌਕੇ ਪੰਜਾਬ BJP ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪ੍ਰਧਾਨ ਮੰਤਰੀ ਦੇ 25 ਸਾਲ ਦੇ ਕਾਰਜਕਾਲ ਦੌਰਾਨ ਗੁਰਜਾਤ ਅਤੇ ਹੁਣ ਭਾਰਤ ਨੂੰ ਵਿਸ਼ਵ ਦੀ ਚੋਥੀ ਅਰਥ ਵਿਵਸਥਾ ਬਨਾਉਣ ਦੀ ਗਲ ਕਰਦਿਆਂ ਕਿਹਾ ਕਿ ਦੇਸ਼ ਹੁਣ ਵਿਕਸਿਤ ਭਾਰਤ ਦੇ ਟੀਚੇ ਵੱਲ ਕਦਮ ਵਧਾ ਰਿਹਾ ਏ ।

---------------------------------------------------------------

ਭਾਰਤੀ ਰਿਜ਼ਰਵ ਬੈਂਕ ਨੇ ਅੱਜ ਲਗਭਗ ਸਾਢੇ ਤਿੰਨ ਸਾਲਾਂ ਬਾਅਦ ਮੁੱਖ ਨੀਤੀਗਤ ਰੈਪੋ ਦਰ ਨੂੰ 25 ਆਧਾਰ ਅੰਕ ਵਧਾ ਕੇ ਸਾਢੇ 5 ਫੀਸਦੀ ਕਰ ਦਿੱਤਾ ਹੈ। ਇਹ ਵਾਧਾ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਦਰਮਿਆਨ  ਵਧਦੀ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਕੀਤਾ ਗਿਆ ਸੀ। ਦੋ-ਮਾਸਿਕ ਮੁਦਰਾ ਨੀਤੀ ਦਾ ਐਲਾਨ ਕਰਦਿਆਂ, ਆਰਬੀਆਈ ਦੇ ਗਵਰਨਰ ਸੰਜੇ ਮਲਹੋਤਰਾ ਨੇ ਕਿਹਾ ਕਿ ਮੁਦਰਾ ਨੀਤੀ ਕਮੇਟੀ (ਐਮਪੀਸੀ) ਨੇ ਸਰਬਸੰਮਤੀ ਨਾਲ  ਰੈਪੋ ਦਰ ਨੂੰ 25 ਬੁਨਿਆਦੀ ਅੰਕ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ, ਫਰਵਰੀ  2023 ਵਿੱਚ, ਰੈਪੋ ਦਰ ਨੂੰ 25 ਅੰਕ  ਵਧਾ ਕੇ ਸਾਢੇ 6 ਫੀਸਦੀ  ਕਰ ਦਿੱਤਾ ਗਿਆ ਸੀ। 2023-24 ਦੌਰਾਨ ਦਰਾਂ ਵਿੱਚ ਕੋਈ ਬਦਲਾਅ ਕੀਤਾ ਗਿਆ , ਅਤੇ 2025 ਵਿੱਚ ਰੈਪੋ ਦਰ ਵਿੱਚ ਕਟੌਤੀ ਦਾ ਦੌਰ  ਸ਼ੁਰੂ ਹੋਇਆ। ਇਸ ਦੌਰਾਨ, ਪ੍ਰਚੂਨ ਮਹਿੰਗਾਈ ਅਗਸਤ ਵਿੱਚ ਵਧ ਕੇ 4.82 ਫੀਸਦੀ ਹੋ ਗਈ ਜੋ ਪਿਛਲੇ ਮਹੀਨੇ 4.45 ਫੀਸਦੀ  ਸੀ।

---------------------------------------------------------------

ਭਾਰਤ ਨੇ ਜੰਮੂ-ਕਸ਼ਮੀਰ ਅਤੇ ਪਾਕਿਸਤਾਨ ਵਿੱਚ ਦਹਿਸ਼ਤਗਰਦ ਢਾਂਚੇ ਵਿਰੁੱਧ ਭਾਰਤ ਦੀ ਕਾਰਵਾਈ 'ਤੇ ਇਸਲਾਮਿਕ ਸਹਿਯੋਗ ਸੰਗਠਨ (OIC) ਦੀਆਂ ਟਿੱਪਣੀਆਂ ਨੂੰ ਰੱਦ ਕੀਤੈ  । ਲੋਕ ਸਭਾ ਮੈਂਬਰ ਬਿਪਲਬ ਕੁਮਾਰ ਦੇਬ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੀ ਛੇਵੀਂ ਕਮੇਟੀ ਵਿੱਚ ਬੋਲਦਿਆਂ ਕਿਹਾ ਕਿ ਟਿੱਪਣੀ ਕਰਨ ਵਾਲੇ ਪੀੜਤ ਅਤੇ ਅਪਰਾਧੀ ਵਿੱਚ

ਫਰਕ ਕਰਨ ਤੋਂ ਅਸਮਰੱਥ ਨੇ । ਉਨ੍ਹਾਂ ਕਿਹਾ ਕਿ ਭਾਰਤ ਨੂੰ ਪਾਕਿਸਤਾਨ-ਦੀ ਸ਼ਹਿ ਪ੍ਰਾਪਤ ਦਹਿਸਤਗਰਦੀ ਤੋਂ ਆਪਣੇ ਲੋਕਾਂ ਦੀ ਰੱਖਿਆ ਕਰਨ ਦਾ ਪੂਰਾ ਅਧਿਕਾਰ ਏ । ਸ੍ਰੀ ਦੇਬ ਨੇ ਜੰਮੂ-ਕਸ਼ਮੀਰ ਦੇ ਸੰਦਰਭ ਵਿੱਚ OIC ਦੀਆਂ ਟਿੱਪਣੀਆਂ ਨੂੰ ਵੀ ਰੱਦ ਕਰ ਦਿੱਤਾ। ਉਨ੍ਹਾਂ ਨੇ ਪਿਛਲੇ ਸਾਲ ਅਪ੍ਰੈਲ ਵਿੱਚ ਪਹਿਲਗਾਮ ਦਹਿਸ਼ਤਗਰਦ  ਹਮਲੇ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ 26 ਨਾਗਰਿਕ ਮਾਰੇ ਗਏ ਸਨ।

---------------------------------------------------------------

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਦੀ ਅਫਰੀਕਾ ਨਾਲ ਭਾਈਵਾਲੀ ਨਾ ਸਿਰਫ਼ ਵਰਤਮਾਨ ਲਈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਬਣੀ ਹੋਏਗੀ । ਅਕਰਾ ਵਿੱਚ ਘਾਨਾ ਵਿਦੇਸ਼ ਸੇਵਾ ਸੰਸਥਾ ਵਿੱਚ ਬੋਲਦਿਆਂ, ਸ਼੍ਰੀ ਜੈਸ਼ੰਕਰ ਨੇ ਕਿਹਾ ਕਿ ਕੂਟਨੀਤੀ ਅਤੇ ਮੁਕਾਬਲੇ ਨੂੰ ਟਕਰਾਅ ਵਿੱਚ ਬਦਲੇ ਬਿਨਾਂ ਰਲਾਇਆ ਜਾਣਾ ਚਾਹੀਦਾ ਹੈ,  ਡਾ. ਜੈਸ਼ੰਕਰ ਨੇ ਅਰਥਵਿਵਸਥਾ, ਬੁਨਿਆਦੀ ਢਾਂਚੇ, ਡਿਜੀਟਲ ਤਕਨਾਲੋਜੀ ਅਤੇ ਨਿਰਮਾਣ ਖੇਤਰਾਂ ਵਿੱਚ ਭਾਰਤ ਦੀ ਪ੍ਰਗਤੀ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਨੇ ਭਾਰਤ ਅਤੇ ਅਫਰੀਕਾ ਦੇ ਨੌਜਵਾਨਾਂ ਨੂੰ ਹੁਨਰਮੰਦ ਅਤੇ ਸਮਰਥ  ਨਾਗਰਿਕਾਂ ਵਿੱਚ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸ਼੍ਰੀ ਜੈਸ਼ੰਕਰ ਨੇ ਈਂਧਨ , ਭੋਜਨ, ਖਾਦ ਅਤੇ ਵਿੱਤ ਲਈ ਅਨੁਕੂਲ  ਸਪਲਾਈ ਲੜੀ  ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ |

---------------------------------------------------------------

ਯੂਕਰੇਨ ਨੇ ਰੂਸ ਦੇ ਦੱਖਣੀ ਤੱਟ 'ਤੇ ਇੱਕ ਤੇਲ ਟੈਂਕਰ ਨੂੰ ਨਿਸ਼ਾਨਾ ਬਣਾ

ਕੇ ਡਰੋਨ ਹਮਲਾ ਕੀਤੈ । ਟੈਂਕਰ 'ਤੇ ਸਵਾਰ ਭਾਰਤੀ ਚਾਲਕ ਦਲ ਦੇ 23 ਮੈਂਬਰਾਂ ਦੀ ਜਾਨ ਖ਼ਤਰੇ ਵਿੱਚ ਪੈ ਗਈ ਸੀ, ਪਰ ਸਾਰਿਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਰੂਸੀ ਟਰਾਂਸਪੋਰਟ ਮੰਤਰਾਲੇ ਦੇ ਅਨੁਸਾਰ, ਲਾਇਬੇਰੀਅਨ ਝੰਡੇ ਵਾਲੇ ਟੈਂਕਰ ਨੂੰ ਇੱਕ ਮੁਢਲੀ ਡਰੋਨ ਨਾਲ ਟਕਰਾਉਣ ਤੋਂ ਬਾਅਦ ਅੱਗ ਲੱਗ ਗਈ, ਜਿਸ ਨਾਲ ਰੂਸ ਦੇ ਇੱਕ ਪ੍ਰਮੁੱਖ ਸੈਲਾਨੀ ਸ਼ਹਿਰ ਸੋਚੀ 'ਤੇ ਸੰਘਣਾ, ਕਾਲਾ ਧੂੰਆਂ ਛਾ ਗਿਆ । ਹਮਲੇ ਤੋਂ ਬਾਅਦ ਚਾਲਕ ਦਲ ਦੇ ਸਾਰੇ 23 ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਇਹ ਘਟਨਾ ਰੂਸ ਦੇ ਪ੍ਰਮੁੱਖ ਤੱਟਵਰਤੀ ਸੈਲਾਨੀ ਸਥਾਨ ਸੋਚੀ ਨੇੜੇ ਵਾਪਰੀ | 2022 ਵਿੱਚ ਰੂਸ-ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਕਾਲੇ ਸਾਗਰ ਵਿੱਚ ਵਪਾਰਕ ਜਹਾਜ਼ਾਂ 'ਤੇ ਹਮਲੇ ਵਧ ਗਏ ਨੇ ।

---------------------------------------------------

ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ 'ਚ ਪੋਲਿੰਗ ਸਟੇਸ਼ਨਾਂ 'ਤੇ ਅੱਜ ਤੋਂ 11 ਅਕਤੂਬਰ ਤੱਕ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਨੇ । ਇਨ੍ਹਾਂ ਕੈਂਪਾਂ ਦਾ ਉਦੇਸ਼ ਉਨ੍ਹਾਂ ਯੋਗ ਨਾਗਰਿਕਾਂ ਨੂੰ ਵੋਟਰ ਸੂਚੀ 'ਚ ਸ਼ਾਮਿਲ ਕਰਨਾ ਹੈ ਜੋ ਆਪਣੇ ਨਾਮ ਦਰਜ ਨਹੀਂ ਕਰਵਾ ਸਕੇ ਨੇ । ਨੌਜਵਾਨ ਅਤੇ ਪਹਿਲੀ ਵਾਰ ਵੋਟਰ ਬਣਨ ਵਾਲੇ ਵੋਟਰਾਂ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਸਬੰਧਤ ਚੋਣ ਅਧਿਕਾਰੀ ਸਵੇਰੇ 10:00 ਵਜੇ ਤੋਂ ਦੁਪਹਿਰ ਬਾਅਦ 3:00 ਵਜੇ ਤੱਕ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ 'ਤੇ ਮੌਜੂਦ

ਰਹਿਣਗੇ। ਇਥੇ ਯੋਗ ਨਾਗਰਿਕ ਆਪਣੀਆਂ ਨਾਮਾਂਕਣ ਅਰਜ਼ੀਆਂ ਜਮ੍ਹਾਂ ਕਰਵਾ ਸਕਣਗੇ ਅਤੇ ਹੋਰ ਸਬੰਧਤ ਸੇਵਾਵਾਂ ਦਾ ਲਾਭ ਉਠਾ ਸਕਣਗੇ |

---------------------------------------------------------

ਅੱਜ ਵਿਸ਼ਵ ਕਪਾਹ ਦਿਵਸ ਹੈ। ਇਸ ਦਿਨ ਦਾ ਉਦੇਸ਼ ਕਪਾਹ ਦੇ ਵਿਸ਼ਵਵਿਆਪੀ ਆਰਥਿਕ, ਸਮਾਜਿਕ ਅਤੇ ਚੁਗਿਰਦੇ ਸਬੰਧੀ ਮਹੱਤਵ ਨੂੰ ਉਜਾਗਰ ਕਰਨਾ ਹੈ। ਕੱਪੜਾ ਮੰਤਰੀ ਗਿਰੀਰਾਜ ਸਿੰਘ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਪਾਹ ਖੇਤਰ ਨਾਲ ਜੁੜੇ ਸਾਰੇ ਲੋਕਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਨੇ । ਉਨ੍ਹਾਂ ਕਿਹਾ ਕਿ ਇਹ ਦਿਨ ਕਪਾਹ ਕਿਸਾਨਾਂ ਦੇ ਯੋਗਦਾਨ ਨੂੰ ਉਜਾਗਰ ਕਰਦਾ ਹੈ। ਸ਼੍ਰੀ ਸਿੰਘ ਨੇ ਕਿਹਾ ਕਿ ਦੇਸ਼ ਵਿੱਚ 60 ਲੱਖ ਕਿਸਾਨ ਕਪਾਹ ਦੀ ਖੇਤੀ ਵਿੱਚ ਲੱਗੇ ਹੋਏ ਨੇ । ਉਨ੍ਹਾਂ ਅੱਗੇ ਕਿਹਾ ਕਿ ਵੱਡੀ ਗਿਣਤੀ ਵਿੱਚ ਛੋਟੇ ਉੱਦਮ ਹੱਥਖੱਡੀ ਉਦਯੋਗ ਵਿੱਚ ਸ਼ਾਮਲ ਨੇ , ਜੋ ਆਪਣੇ ਉਤਪਾਦਾਂ ਨੂੰ ਵਿਦੇਸ਼ਾਂ ਨੂੰ ਵੀ ਬਰਾਮਦ ਕਰਦੇ ਨੇ ।

---------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਦੂਰਦਰਸ਼ੀ ਨੀਤੀਆਂ ਅਤੇ ਸਖ਼ਤ ਮਿਹਨਤ ਸਦਕਾ , ਭਾਰਤ 2047 ਤੱਕ ਇੱਕ ਵਿਕਸਤ ਰਾਸ਼ਟਰ ਬਣਨ ਦੇ ਆਪਣੇ ਸੁਪਨੇ ਨੂੰ ਜ਼ਰੂਰ ਪੂਰਾ ਕਰੇਗਾ ।

- ਭਾਰਤੀ ਰਿਜ਼ਰਵ ਬੈਂਕ ਨੇ ਨੀਤੀਗਤ ਰੈਪੋ ਦਰ ਨੂੰ 25 ਆਧਾਰ ਅੰਕ ਵਧਾ ਕੇ ਸਾਢੇ 5 ਫੀਸਦੀ ਕਰ ਦਿੱਤਾ ਏ।

- ਭਾਰਤ ਨੇ ਜੰਮੂ - ਕਸ਼ਮੀਰ ਅਤੇ ਪਾਕਿਸਤਾਨ ਵਿੱਚ ਦਹਿਸ਼ਤਗਰਦ ਢਾਂਚੇ ਵਿਰੁੱਧ ਭਾਰਤ ਦੀ ਕਾਰਵਾਈ 'ਤੇ ਇਸਲਾਮਿਕ ਸਹਿਯੋਗ ਸੰਗਠਨ (OIC) ਦੀਆਂ ਟਿੱਪਣੀਆਂ ਨੂੰ ਰੱਦ ਕੀਤੈ |

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਦੀ ਅਫਰੀਕਾ ਨਾਲ ਭਾਈਵਾਲੀ ਨਾ ਸਿਰਫ਼ ਵਰਤਮਾਨ ਲਈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਹੋਏਗੀ।
- ਰੂਸ ਦੇ ਦੱਖਣੀ ਤੱਟ 'ਤੇ ਯੂਕਰੇਨ ਵੱਲੋਂ ਇਕ ਤੇਲ ਟੈਂਕਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਡਰੋਨ ਹਮਲੇ 'ਚ ਭਾਰਤੀ ਚਾਲਕ ਦਲ ਦੇ 23 ਮੈਂਬਰਾਂ ਨੂੰ ਸੁਰੱਖਿਅਤ ਬਚਾਅ ਲਿਆ ਗਿਆ |

---------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ ‘ਤੇ ਹੋਏਗਾ**

**ਨਮਸ੍ਕਾਰ**